"ਜਿੰਮੇਵਾਰ ਬਣੋ, ਵੋਟਰ ਬਣੋ"

# ਦਫਤਰ ਸਹਾਇਕ ਰਿਟਰਨਿੰਗ ਅਫਸਰ, ਵਿਧਾਨ ਸਭਾ ਹਲਕਾ 083 ਲੰਬੀ-ਕਮ-ਵਧੀਕ ਡਿਪਟੀ ਕਮਿਸ਼ਨਰ (ਜ),ਸ੍ਰੀ ਮੁਕਤਸਰ ਸਾਹਿਬ।

ਵੱਲ,

ਸਮੂਹ ਵਿਭਾਗਾਂ ਦੇ ਮੁਖੀ,
ਵਿਧਾਨ ਸਭਾ ਹਲਕਾ,083-ਲੰਬੀ।

ਨੰਬਰ:241 ਮਿਤੀ: 08-03-2024

ਵਿਸ਼ਾ: Defacement of Property During Model Code of Conduct of Lok Sabha Election-2024.

ਜਿਸ ਤਰਾਂ ਕਿ ਆਪ ਭਲੀ ਭਾਂਤ ਜਾਣਦੇ ਹੋ ਕਿ ਲੋਕ ਸਭਾ ਚੋਣਾਂ-2024 ਦੇ ਮੱਦੇਨਜਰ ਭਾਰਤ ਚੋਣ ਕਮਿਸ਼ਨ ਵੱਲੋਂ ਕਿਸੇ ਵੀ ਵੇਲੇ ਲੋਕ ਸਭਾ ਚੋਣਾਂ ਸਬੰਧੀ ਐਲਾਨ ਕੀਤਾ ਜਾ ਸਕਦਾ ਹੈ। ਲੋਕ ਸਭਾ ਚੋਣਾਂ ਦੇ ਐਲਾਨ ਹੁੰਦੇ ਸਾਰ ਹੀ ਸਾਰੇ ਦੇਸ਼ ਵਿੱਚ ਆਦਰਸ਼ ਚੋਣ ਜਾਬਤਾ ਲਾਗੂ ਹੋ ਜਾਵੇਗਾ। ਇਸ ਆਦਰਸ਼ ਚੋਣ ਜਾਬਤੇ ਦੀ ਸਖਤੀ ਨਾਲ ਪਾਲਣਾਂ ਕਰਨਾਂ ਹਰ ਵਿਭਾਗੀ ਮੁਖੀ ਦੀ ਨਿੱਜੀ ਜਿੰਮੇਵਾਰੀ ਹੈ, ਸੋ ਆਪ ਨੂੰ ਇਸ ਪੱਤਰ ਰਾਹੀਂ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਆਦਰਸ਼ ਚੋਣ ਜਾਬਤਾ ਲਾਗੂ ਹੁੰਦੇ ਸਾਰ ਆਪਦੇ ਅਧੀਨ ਆਉਂਦੀਆਂ ਸਮੂਹ ਸਰਕਾਰੀ ਬਿਲਡਿੰਗਾਂ ਅਤੇ ਦਫ਼ਤਰਾਂ ਦੇ ਅੰਦਰੋਂ ਅਤੇ ਬਾਹਰੋਂ ਕਿਸੇ ਵੀ ਪ੍ਰਕਾਰ ਦੇ ਰਾਜਨੀਤਿਕ ਪਾਰਟੀਆਂ ਦੇ ਬੈਂਨਰ, ਫਲੈਕਸ ਬੋਰਡ, ਝੰਡੇ, ਫੋਟੋਆਂ ਅਤੇ ਕੈਲੰਡਰ ਆਦਿ ਉਤਾਰ ਕੇ ਇਸ ਦਫ਼ਤਰ ਨੂੰ ਉਸੇ ਹੀ ਦਿਨ ਸਰਟੀਫਿਕੇਟ ਭੇਜਿਆ ਜਾਵੇ। ਅਗਰ ਕਿਸੇ ਵੀ ਕਿਸਮ ਦੀ ਆਦਰਸ਼ ਚੋਣ ਜਾਬਤੇ ਦੀ ਉਲੰਘਣਾਂ ਪਾਈ ਗਈ ਤਾਂ ਉਕਤ ਵਿਭਾਗੀ ਮੁਖੀ ਦੇ ਖਿਲਾਫ Defacement of Property Act ਅਤੇ ਚੋਣ ਨਿਯਮਾਂ ਅਧੀਨ ਸਖਤ ਕਾਰਵਾਈ ਕੀਤੀ ਜਾਵੇਗੀ। ਸੋ ਇਸ ਪੱਤਰ ਨੂੰ ਸੁਹਿਰਦਤਾ ਨਾਲ ਲਿਆ ਜਾਵੇ।

ਸਹਾਇਕ ਰਿਟਰਨਿੰਗ ਅਫ਼ਸਰ,083-ਲੰਬੀ,
ਲੋਕ ਸਭਾ ਹਲਕਾ,11-ਬਠਿੰਡਾ

ਪਿੱਠ ਅੰਕਣ ਨੰਬਰ: 242-243 ਮਿਤੀ: 08/03/2024

ਉਪਰੋਕਤ ਦਾ ਉਤਾਰਾ:-

1. ਮਾਨਯੋਗ ਜਿਲ੍ਹਾ ਚੋਣ ਅਫ਼ਸਰ, ਬਠਿੰਡਾ ਅਤੇ ਸ੍ਰੀ ਮੁਕਤਸਰ ਸਾਹਿਬ ਨੂੰ ਸੂਚਨਾਂ ਹਿੱਤ।
2. MCC ਕਮੇਟੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ।

ਸਹਾਇਕ ਰਿਟਰਨਿੰਗ ਅਫ਼ਸਰ,083-ਲੰਬੀ,
ਲੋਕ ਸਭਾ ਹਲਕਾ,11-ਬਠਿੰਡਾ

Service Matter Solutions Punjab https://smspunjab.in/